ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.),
ਸਮੂਹ ਡੀ.ਆਰ.ਪੀ. ਟੈਕਸਟ ਬੁੱਕ,
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)
ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/ 85755-758
ਮਿਤੀ,ਚੰਡੀਗੜ੍ਹ : 18-09-2012

ਵਿਸ਼ਾ:- **ਹੈੱਡ ਆਫ਼ਿਸ ਤੋਂ ਭੇਜੇ ਜਾ ਰਹੇ SA1 ਮੁਲਾਂਕਣ ਟੂਲਜ਼ ਸਕੂਲਾਂ ਵਿੱਚ ਪਹੁੰਚਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ 25.09.2012 ਤੋਂ ਚੌਥੀਂ ਤੋਂ ਦਸਵੀਂ ਜਮਾਤਾਂ ਦਾ SA1 ਲਿਖਤੀ ਮੁਲਾਂਕਣ ਹੋਣਾ ਹੈ। ਜਿਸ ਲਈ, ਚੌਥੀ ਅਤੇ ਪੰਜਵੀਂ ਜਮਾਤਾਂ ਲਈ ਪੰਜ ਵਿਸ਼ਿਆਂ ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਗਣਿਤ ਅਤੇ ਵਾਤਾਵਰਨ ਸਿੱਖਿਆ ਦੇ ਮੁਲਾਂਕਣ ਟੂਲਜ਼ ਹੈੱਡ ਆਫ਼ਿਸ ਤੋਂ ਭੇਜੇ ਜਾ ਰਹੇ ਹਨ। ਇਸੇ ਤਰ੍ਹਾਂ, ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਛੇ ਵਿਸ਼ਿਆਂ ਹਿੰਦੀ, ਪੰਜਾਬੀ, ਅੰਗ੍ਰੇਜ਼ੀ, ਸਮਾਜਿਕ ਸਿੱਖਿਆ, ਗਣਿਤ ਅਤੇ ਵਿਗਿਆਨ ਦੇ ਮੁਲਾਂਕਣ ਟੂਲਜ਼ ਭੇਜੇ ਜਾ ਰਹੇ ਹਨ।

3.0 ਇਹ ਮੁਲਾਂਕਣ ਟੂਲਜ਼ ਪ੍ਰਿੰਟਰ ਦੁਆਰਾ ਸਿੱਧੇ 20.09.2012 ਨੂੰ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੇ ਦਫ਼ਤਰ ਪਹੁੰਚਾਏ ਜਾਣਗੇ। ਇਸ ਲਈ ਸਬੰਧਤ ਡੀ.ਆਰ.ਪੀ. (ਟੈਕਸਟ ਬੁੱਕ) ਨੂੰ ਹਦਾਇਤ ਕੀਤੀ ਜਾਵੇ ਕਿ ਇਹਨਾਂ ਮੁਲਾਂਕਣ ਟੂਲਜ਼ ਦੀ ਵੰਡਾਈ ਤੋਂ ਪਹਿਲਾਂ ਬਕਾਇਦਾ ਇਸ ਦੀ ਸਟਾਕ ਐਂਟਰੀ ਕੀਤੀ ਜਾਵੇ।

4.0 ਇਹ ਮੁਲਾਂਕਣ ਟੂਲਜ਼ ਮਿਤੀ: 23.09.2012 ਤੱਕ, ਹਰ ਹਾਲਤ ਵਿੱਚ ਸਕੂਲਾਂ ਵਿੱਚ ਪਹੁੰਚਾਉਣ ਨੂੰ ਯਕੀਨੀ ਬਣਾਉਣ ਦੀ ਨਿਰੋਲ ਜਿੰਮੇਵਾਰੀ, ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਹੋਵੇਗੀ। ਇਸ ਵਾਸਤੇ ਦੋਵਾਂ ਜਿਲ੍ਹਿਆਂ ਦੇ ਦੋਵੇਂ ਜਿਲ੍ਹਾ ਸਿੱਖਿਆ ਅਫ਼ਸਰ ਸਾਂਝੇ ਤੌਰ ਤੇ ਪਲਾਨ ਬਣਾ ਕੇ, ਪੇਪਰਾਂ ਦਾ ਵੇਲੇ ਸਿਰ ਸਕੂਲ ਪਹੁੰਚਾਉਣਾ ਯਕੀਨੀ ਬਣਾਉਣਗੇ।

5.0 ਇਸ ਸਬੰਧੀ ਸਾਂਝੇ ਤੌਰ ਤੇ SA1 ਦੇ ਸਫਲ ਸੰਚਾਲਨ ਲਈ ਅਗਾਮੀ ਸਕੂਲ ਮੁੱਖੀਆਂ ਦੀ ਮੀਟਿੰਗ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਤੇ ਨਿਰੰਤਰ ਸਮੁੱਚੇ ਮੁਲਾਂਕਣ ਦਾ ਮੰਤਵ ਪੂਰਾ ਹੋ ਸਕੇ।

6.0 ਜਿਨ੍ਹਾਂ ਜਿਲ੍ਹਿਆਂ ਵਿੱਚੋਂ, ਕੁਝ ਅੰਗ੍ਰੇਜ਼ੀ ਮਾਧਿਅਮ ਦੇ ਮੁਲਾਂਕਣ ਟੂਲਜ਼ ਦੀ ਮੰਗ ਆਈ ਸੀ, ਓਹ ਵੀ ਉਚੇਚੇ ਤੌਰ ਤੇ ਭੇਜੇ ਜਾ ਰਹੇ ਹਨ।

7.0 ਜੇਕਰ ਕਿਸੇ ਕਾਰਨ, ਮੁਲਾਂਕਣ ਟੂਲਜ਼ ਦੀ ਗਿਣਤੀ ਘੱਟਦੀ ਹੈ ਤਾਂ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਆਪਣੇ ਪੱਧਰ ਤੇ, ਇਹ ਘਾਟ ਪੂਰੀ ਕਰਨ ਲਈ, ਮੁਲਾਂਕਣ ਟੂਲਜ਼ ਦੀ ਗੁਪਤਤਾ ਰੱਖਦੇ ਹੋਏ, ਉਚਿੱਤ ਪ੍ਰਬੰਧ ਕਰਨਗੇ ਅਤੇ SA1 ਦੇ ਸਫਲ ਸੰਚਾਲਨ ਨੂੰ ਯਕੀਨੀ ਬਣਾਉਣਗੇ।

8.0 ਇਸ ਸਬੰਧੀ ਵਧੇਰੇ ਜਾਣਕਾਰੀ ਜਾਂ ਸਪੱਸ਼ਟਤਾ ਲਈ ਹੇਠ ਲਿਖੇ ਦੋ contact numbers ਤੇ ਸੰਪਰਕ ਕੀਤਾ ਜਾ ਸਕਦਾ ਹੈ :

ASPD (Proc.) 95309-75787

ASPD (Math) 98880-28002

9.0 ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ